## ਜ਼ਿਲ੍ਹਾ ਉਦਯੋਗ ਕੇਂਦਰ

ਪੰਜਾਬ ਸਰਕਾਰ ਵਲੋਂ ਜ਼ਿਲ੍ਹੇ ਦੇ ਉਦਯੋਗੀ ਵਿਕਾਸ ਲਈ ਹਰ ਜ਼ਿਲ੍ਹੇ ਵਿਚ ਉਦਯੋਗ ਕੇਂਦਰ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਦਾ ਮੁੱਖ ਕੰਮ ਪੰਜਾਬ ਸਰਕਾਰ ਵਲੋਂ ਉਦਯੋਗੀ ਪਾਲਸੀ ਨੂੰ ਅਤੇ ਭਾਰਤ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਨੂੰ ਵੀ ਲਾਗੂ ਕਰਨਾ ਹੈ। ਇਹ ਕੇਂਦਰ ਸਰਕਾਰ ਅਤੇ ਉਦਯੋਗਿਕ ਯੂਨਿਟਾਂ ਵਿੱਚ ਕੜੀ ਦਾ ਕੰਮ ਕਰਦਾ ਹੈ। ਪਹਿਲਾਂ ਲੱਗੇ ਹੋਏ ਉਦਯੋਗਾਂ ਅਤੇ ਨਵੇਂ ਉਦਮੀਆਂ ਨੂੰ ਤਕਨੀਕੀ ਤੌਰ ਤੇ ਸਹਾਇਤਾ ਪ੍ਰਦਾਨ ਕਰਨ ਦਾ ਕੰਮ ਕਰਦਾ ਹੈ। ਇਨ੍ਹਾਂ ਜ਼ਿਲ੍ਹਾ ਪੱਧਰ ਦੇ ਜ਼ਿਲ੍ਹਾ ਉਦਯੋਗ ਕੇਂਦਰ ਦਫ਼ਤਰਾਂ ਦਾ ਮੁੱਖੀ ਜਨਰਲ ਮੈਨੇਜਰ ਹੁੰਦਾ ਹੈ। ਇਸ ਤੋਂ ਇਲਾਵਾ ਹਰ ਜ਼ਿਲ੍ਹਾ ਉਦਯੋਗ ਕੇਂਦਰ ਵਿੱਚ ਫੰਕਸ਼ਨਲ ਮੈਨੇਜਰ ਅਤੇ ਪ੍ਰੋਜੈਕਟ ਮੈਨੇਜਰ ਦੀਆਂ ਆਸਾਮੀਆਂ ਹਨ। ਖੇਤਰੀ ਕੰਮ-ਕਾਜ ਦੇਖਣ ਲਈ ਜ਼ਿਲ੍ਹਾ ਪੱਧਰ ਦੇ ਉਚ ਉਦਯੋਗਿਕ ਉਨਤੀ ਅਫ਼ਸਰ ਅਤੇ ਬਲਾਕ ਪੱਧਰ ਦੇ ਪਰਸਾਰਨ ਅਫ਼ਸਰ (ਉਦਯੋਗ) ਦੀਆਂ ਆਸਾਮੀਆਂ ਹਨ ਜੋ ਆਪਣੇ-ਆਪਣੇ ਖੇਤਰ ਵਿਚ ਉਦਯੋਗਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ, ਉਨ੍ਹਾਂ ਦਾ ਹੱਲ ਅਤੇ ਉਦਯੋਗ ਵਿਕਾਸ ਦੇ ਕੰਮ ਕਾਜ ਨੂੰ ਦੇਖਦੇ ਹਨ। ਇਹ ਦਫ਼ਤਰ ਜਲੰਧਰ ਰੋਡ ਸਾਹਮਣੇ ਜੇ.ਆਰ. ਸਰਕਾਰੀ ਬਹੁ ਤਕਨੀਕੀ ਕਾਲਜ, ਹੁਸ਼ਿਆਰਪੁਰ ਵਿਖੇ ਸਥਿਤ ਹੈ ਅਤੇ ਬੱਸ ਅੱਡੇ ਤੋਂ ਕਰੀਬ ਇਕ ਕਿਲੋਮੀਟਰ ਦੀ ਦੂਰੀ ਤੇ ਹੈ। ਇਸ ਦਫ਼ਤਰ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ/ਉਦਯੋਗਿਕ ਪਾਲਸੀ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-

### 1. ਪ੍ਰਧਾਨ ਮੰਤਰੀ ਰੋਜ਼ਗਾਰ ਯੋਜਨਾ

ਪ੍ਰਧਾਨ ਮੰਤਰੀ ਰੋਜ਼ਗਾਰ ਯੋਜਨਾ ਅਧੀਨ ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਮੁਹੱਈਆ ਕਰਾਉਣ ਲਈ ਭਾਰਤ ਸਰਕਾਰ ਦੁਆਰਾ ਬੈਂਕਾ ਰਾਹੀਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਕੋਈ ਵੀ ਪੜ੍ਹਿਆ-ਲਿਖਿਆ ਬੇਰੋਜ਼ਗਾਰ ਨੌਜਵਾਨ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ, ਲਾਭ ਪ੍ਰਾਪਤ ਕਰ ਸਕਦਾ ਹੈ।

**ਵਿਦਿਅਕ ਯੋਗਤਾ** ਘੱਟ ਤੋਂ ਘੱਟ ਅੱਠਵੀਂ ਪਾਸ ਕੀਤੀ ਹੋਵੇ।

**ਉਮਰ** 1) 18 ਤੋਂ 35 ਸਾਲ ਜਨਰਲ ਕੈਟਾਗਰੀ ਲਈ
2) 18 ਤੋਂ 45 ਸਾਲ ਇਸਤਰੀਆਂ, ਸਾਬਕਾ ਫੌਜੀਆਂ, ਵਿਕਲਾਂਗ ਅਤੇ ਅਨੁਸੂਚਿਤ ਜਾਤੀਆਂ ਲਈ।

**ਰਿਹਾਇਸ਼** ਘੱਟ ਤੋਂ ਘੱਟ ਜ਼ਿਲ੍ਹੇ ਵਿਚ ਤਿੰਨ ਸਾਲ ਤੋਂ ਰਹਿ ਰਿਹਾ ਹੋਵੇ।

**ਆਮਦਨ** ਉਸ ਦੀ ਆਪਣੀ ਅਤੇ ਪਰਿਵਾਰ ਦੀ ਸਾਲਾਨਾ ਆਮਦਨ 40,000/- ਰੁ. ਤੋਂ ਜ਼ਿਆਦਾ ਨਾ ਹੋਵੇ।

**ਡਿਫਾਲਟਰ** ਉਦਮੀ ਕਿਸੇ ਹੋਰ ਵਿੱਤੀ ਸੰਸਥਾ ਤੋਂ ਲਏ ਕਰਜ਼ੇ ਦੀ ਵਾਪਸੀ ਕਰਨ ਦਾ ਦੋਸ਼ੀ ਨਾ ਹੋਵੇ।

**ਧੰਦੇ ਦੀ ਕਿਸਮ** ਪੜ੍ਹੇ-ਲਿਖੇ ਬੇਰੋਜ਼ਗਾਰ ਨੌਜਵਾਨ ਉਦਯੋਗ, ਸਰਵਿਸ ਅਤੇ ਵਪਾਰ ਦੇ ਸਵੈ-ਰੋਜ਼ਗਾਰ ਦੇ ਧੰਦੇ ਇਸ ਸਕੀਮ ਅਧੀਨ ਸਥਾਪਤ ਕਰ ਸਕਦੇ ਹਨ।

**ਧੰਦੇ ਦੀ ਲਾਗਤ** ਇਸ ਸਕੀਮ ਤਹਿਤ ਸਵੈ-ਰੋਜ਼ਗਾਰ ਧੰਦਾ ਬਿਜ਼ਨੈਸ ਜਿਸ ਦੀ ਲਾਗਤ ਇਕ ਲੱਖ ਰੁਪਏ ਹੋਵੇ ਅਤੇ ਉਦਯੋਗਿਕ/ਸਰਵਿਸ ਲਈ ਦੋ ਲੱਖ ਰੁਪਏ ਤੱਕ ਹੋਵੇ, ਬੈਂਕ ਤੋਂ ਫਾਈਨਾਂਸ ਕਰਵਾਇਆ ਜਾਂਦਾ ਹੈ। ਇਕ ਜਾਂ ਇਕ ਤੋਂ ਵੱਧ ਉਦਮੀ ਵੀ ਰੱਲ ਕੇ ਸ਼ਾਮਲ ਹੋ ਸਕਦੇ ਹਨ।

**ਉਪਦਾਨ** ਇਸ ਸਕੀਮ ਅਧੀਨ ਪ੍ਰੋਜੈਕਟ ਲਾਗਤ ਦਾ 15% ਉਪਦਾਨ ਵੱਧ ਤੋਂ ਵੱਧ 7500/- ਰੁ.

| | |
|---|---|
| | ਦਿੱਤਾ ਜਾਂਦਾ ਹੈ। |
| **ਕਰਜ਼ੇ ਦੀ ਵਾਪਸੀ** | ਉਦਮੀ ਨੂੰ ਬੈਂਕ ਵਲੋਂ ਦਿੱਤਾ ਕਰਜ਼ਾ 3 ਤੋਂ 7 ਸਾਲਾਂ ਵਿਚ ਕਿਸ਼ਤਾਂ ਵਿਚ ਵਾਪਸ ਕਰਨਾ ਪੈਂਦਾ ਹੈ। |
| **ਟ੍ਰੇਨਿੰਗ** | ਉਦਮੀ ਨੂੰ ਉਸ ਦੇ ਕਰਜ਼ੇ ਦਾ ਕੇਸ ਮੰਨਜੂਰ ਹੋਣ ਉਪਰੰਤ ਟ੍ਰੇਨਿੰਗ ਦਿੱਤੀ ਜਾਂਦੀ ਹੈ। ਉਦਮੀ ਨੂੰ 150/- ਰੁ. ਬਿਜਨੈਸ ਅਤੇ ਸਰਵਿਸ 300/- ਰੁ. ਇੰਡਸਟਰੀ ਵਲੋਂ ਵਜ਼ੀਫਾ ਦਿੱਤਾ ਜਾਂਦਾ ਹੈ। |

ਇਸ ਸਕੀਮ ਤਹਿਤ ਜ਼ਿਲ੍ਹਾ ਉਦਯੋਗ ਕੇਂਦਰ ਦੇ ਸਟਾਫ਼ ਵਲੋਂ ਯੋਗ ਉਦਮੀਆਂ ਨੂੰ ਚੁਣਿਆ ਜਾਂਦਾ ਹੈ ਅਤੇ ਉਹਨਾਂ ਦੇ ਕਰਜ਼ੇ ਦੇ ਕੇਸ ਤਿਆਰ ਕੀਤੇ ਜਾਂਦੇ ਹਨ। ਇਸ ਉਪਰੰਤ ਜ਼ਿਲ੍ਹਾ ਪੱਧਰ ਦੀ ਟਾਸਕ ਫੋਰਸ ਕਮੇਟੀ ਵਲੋਂ ਉਦਮੀ ਦੇ ਪ੍ਰੋਜੈਕਟ ਦੀ ਘੋਖ ਕੀਤੀ ਜਾਂਦੀ ਹੈ ਅਤੇ ਉਦਮੀ ਨੂੰ ਇੰਟਰਵਿਊ ਰਾਹੀਂ ਚੁਣਿਆ ਜਾਂਦਾ ਹੈ ਅਤੇ ਇਸ ਉਪਰੰਤ ਕੇਸ ਬੈਂਕਾਂ ਨੂੰ ਕਰਜ਼ਾ ਦੇਣ ਲਈ ਭੇਜੇ ਜਾਂਦੇ ਹਨ।

**ਜ਼ਿਲ੍ਹੇ ਵਿਚ ਵੱਡੇ, ਦਰਮਿਆਨੇ ਅਤੇ ਸਮਾਲ ਸਕੇਲ ਯੂਨਿਟਾਂ ਦਾ ਵੇਰਵਾ**

ਇਸ ਜ਼ਿਲ੍ਹੇ ਵਿਚ ਇਸ ਸਮੇਂ ਕੁਲ 28 ਵੱਡੇ ਅਤੇ ਦਰਮਿਆਨੇ ਦਰਜ਼ੇ ਦੀਆਂ ਇਕਾਈਆਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਦੀ ਕੁਲ ਅਚੱਲ ਸੰਮਤੀ 1172.06 ਕਰੋੜ ਹੈ ਅਤੇ ਇਨ੍ਹਾਂ ਵਿਚ 11940 ਵਿਅਕਤੀਆਂ ਨੂੰ ਸਿੱਧੇ ਤੌਰ ਤੇ ਰੋਜ਼ਗਾਰ ਮਿਲਿਆ ਹੋਇਆ ਹੈ। ਜ਼ਿਲ੍ਹੇ ਵਿਚ ਕਰੀਬ 4600 ਸਮਾਲ ਸਕੇਲ ਯੂਨਿਟ ਸਥਾਪਤ ਹਨ। ਇਨ੍ਹਾਂ ਯੂਨਿਟਾਂ ਵਿਚ ਖੇਤੀਬਾੜੀ ਸੰਦ, ਰਾਈਸ ਮਿੱਲਾਂ, ਕਾਰਡ ਬੋਰਡ, ਸਟਰਾ ਬੋਰਡ, ਇਲੈਕਟ੍ਰੀਕਲ ਆਈਟਮਾਂ, ਪ੍ਰਿੰਟਿੰਗ ਪ੍ਰੈਸਾਂ, ਹੈਂਡੀਕਰਾਫਟਸ, ਟੈਕਸਟਾਈਲ, ਗੇਟ ਅਤੇ ਗਰਿੱਲ, ਟਰੱਕ ਪੇਟੀਆਂ ਅਤੇ ਸਟੀਲ ਅਲਮਾਰੀ, ਕੈਮੀਕਲ ਯੂਨਿਟ, ਫਰਨੀਚਰ, ਟਾਇਰ ਟਿਊਬਾਂ, ਗੱਦੇ ਬਨਾਉਣ ਦਾ ਯੂਨਿਟ ਆਦਿ ਸ਼ਾਮਲ ਹਨ।

**ਉਦਯੋਗਿਕ ਪਾਲਸੀ ਸਾਲ** 2003

ਪੰਜਾਬ ਸਰਕਾਰ ਵਲੋਂ ਇਸ ਪਾਲਸੀ ਤਹਿਤ ਪਹਿਲਾਂ ਲੱਗੇ ਹੋਏ ਉਦਯੋਗ ਯੂਨਿਟਾਂ ਅਤੇ ਨਵੇਂ ਲੱਗ ਰਹੇ ਉਦਯੋਗਿਕ ਯੂਨਿਟਾਂ ਨੂੰ ਹੇਠ ਲਿਖੇ ਅਨੁਸਾਰ ਉਪਦਾਨ ਦੇਣ ਦਾ ਪ੍ਰਬੰਧ ਹੈ:—

1. ਮੌਡਰਨਾਈਜੇਸ਼ਨ ਅਤੇ ਟੈਕਨਾਲੋਜੀ ਅਪਗ੍ਰੇਡੇਸ਼ਨ:-

ਪੰਜਾਬ ਸਰਕਾਰ ਵਰਲਡ ਟਰੇਡ ਆਰਗੇਨਾਈਜੇਸ਼ਨ ਦੇ ਚੈਲੰਜ ਦਾ ਮੁਕਾਬਲਾ ਕਰਨ ਲਈ ਰਾਜ ਵਿਚ ਪਹਿਲਾਂ ਲੱਗੇ ਹੋਏ ਉਦਯੋਗੀ ਯੂਨਿਟਾਂ ਨੂੰ ਮੌਡਰਨਾਈਜ਼ ਕਰਨ ਅਤੇ ਉਨ੍ਹਾਂ ਵਿਚ ਟੈਕਨੌਲਜੀ ਨੂੰ ਅਪਗ੍ਰੇਡ ਕਰਨ ਵਾਸਤੇ ਇਸ ਸਕੀਮ ਤਹਿਤ 25% ਜਾਂ ਵੱਧ ਤੋਂ ਵੱਧ 25 ਲੱਖ ਰੁਪਏ ਉਪਦਾਨ ਦਾ ਪ੍ਰਬੰਧ ਹੈ। ਇਸ ਸਕੀਮ ਤਹਿਤ ਹੇਠ ਲਿਖੇ ਉਦਯੋਗਿਕ ਖੇਤਰ ਦੇ ਯੂਨਿਟ ਜਿਹੜੇ ਘੱਟ ਤੋਂ ਘੱਟ ਪਿਛਲੇ ਤਿੰਨ ਸਾਲ ਤੋਂ ਉਤਪਾਦਨ ਵਿਚ ਹੋਣ, ਕਵਰ ਹੁੰਦੇ ਹਨ।

(ੳ) ਲਾਈਟ ਇੰਜੀਨੀਅਰਿੰਗ ਇੰਡਸਟਰੀਜ਼

(ਅ) ਟੈਕਸਟਾਈਲ ਹੌਜ਼ਰੀ ਅਤੇ ਨਿਟਵੀਅਰ ਇੰਡਸਟਰੀਜ਼

(ੲ) ਸਪੋਰਟਸ ਗੁੱਡਜ਼ ਇੰਡਸਟਰੀਜ਼

(ਸ) ਐਗਰੋ ਅਤੇ ਫੂਡ ਪ੍ਰੋਸੈਸ ਇੰਡਸਟਰੀਜ਼

2. **ਫਰੇਟ ਸਹਾਇਤਾ**

ਪੰਜਾਬ ਸਮੁੰਦਰੀ ਪੋਰਟ ਤੋਂ ਦੂਰ ਹੋਣ ਕਾਰਨ ਜਿਹੜੇ ਯੂਨਿਟ ਨਿਰਯਾਤ ਕਰਦੇ ਹਨ, ਉਨ੍ਹਾਂ ਨੂੰ ਵਾਧੂ ਫਰੇਟ ਦੇਣ ਕਾਰਨ ਉਨ੍ਹਾਂ ਦਾ ਮਾਲ ਨਿਰਯਾਤ ਦੇ ਮੁੱਲ ਵਿੱਚ ਵਾਧਾ ਹੋਣ ਕਾਰਨ ਅੰਤਰਰਾਸ਼ਟਰੀ ਮਾਰਕੀਟ ਵਿਚ ਕੰਪੀਟ ਕਰਨਾ ਔਖਾ ਹੋ ਜਾਂਦਾ ਹੈ। ਇਸ ਔਕੜ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ ਇਸ ਸਕੀਮ ਤਹਿਤ ਜਿਹੜੇ ਯੂਨਿਟ ਐਕਸਪੋਰਟ ਕਰਦੇ ਹਨ, ਉਨ੍ਹਾਂ ਨੂੰ ਐਫ.ਓ.ਬੀ. ਵੈਲਿਊ ਦਾ ਇਕ % ਜਾਂ ਵੱਧ ਤੋਂ ਵੱਧ 50 ਲੱਖ ਰੁਪਏ ਦੀ ਰਕਮ ਤੱਕ ਸਲਾਨਾ ਫਰੇਟ ਸਹਾਇਤਾ ਦੇਣ ਦਾ ਪ੍ਰਬੰਧ ਹੈ। ਅਗਰ ਐਫ.ਓ.ਬੀ. ਵੈਲਿਊ ਦਾ ਇੱਕ % ਅਸਲ ਅਦਾ ਕੀਤੀ ਗਈ ਫਰੇਟ ਦੀ ਰਕਮ ਤੋਂ ਵੱਧ ਜਾਵੇ ਤਾਂ ਫਰੇਟ ਸਹਾਇਤਾ ਦੇਣ ਲਈ ਅਮਲ ਅਦਾ ਕੀਤੀ ਗਈ ਫਰੇਟ ਦੀ ਰਕਮ ਹੀ ਮੰਨੀ ਜਾਂਦੀ ਹੈ। ਇਹ ਸਹਾਇਤਾ ਹੇਠ ਲਿਖੀਆਂ ਆਈਟਮਾਂ ਨੂੰ ਐਕਸਪੋਰਟ ਕਰਨ ਵਾਸਤੇ ਦਿੱਤੀ ਜਾਂਦੀ ਹੈ।

(ੳ) ਲਾਈਟ ਇੰਜੀਨੀਅਰਿੰਗ ਇਨਕਲੂਡਿੰਗ ਮਸ਼ੀਨ ਟੂਲਜ਼, ਆਟੋ ਪਾਰਟਸ, ਸਾਈਕਲ ਪਾਰਟਸ ਆਦਿ।

(ਅ) ਟੈਕਸਟਾਈਲ ਹੌਜ਼ਰੀ ਅਤੇ ਨਿਟਵਿਅਰ

(ੲ) ਸਪੋਰਟਸ ਗੁੱਡਜ਼

(ਸ) ਐਗਰੋ ਐਂਡ ਫੂਡ ਪ੍ਰੋਸੈਸਿੰਗ

3. **ਰਵਾਈਵਲ ਆਫ ਸਿੱਕ ਸਮਾਲ ਸਕੇਲ ਇੰਡਸਟਰੀਅਲ ਯੂਨਿਟ**

ਇਸ ਸਕੀਮ ਤਹਿਤ ਬੀਮਾਰ ਪਏ ਸਮਾਲ ਸਕੇਲ ਯੂਨਿਟਾਂ ਨੂੰ ਮੁੜ ਸੁਰਜੀਤ ਕਰਨ ਲਈ ਉਨ੍ਹਾਂ ਦੀ ਰਿਕਵਰੀ /ਏਰੀਅਰਜ਼ ਜਿਵੇਂ ਕਿ ਸੇਲ ਟੈਕਸ, ਪਰਚੇਜ਼ ਟੈਕਸ, ਬਿਜਲੀ ਡਿਊਟੀ, ਬਿਜਲੀ ਦੇ ਬਿੱਲ, ਹਾਊਸ ਟੈਕਸ, ਵਾਟਰ ਚਾਰਜਿਜ਼ ਆਦਿ ਨੂੰ 5 ਸਾਲ ਲਈ ਅੱਗੇ ਪਾਉਣ ਦਾ ਪ੍ਰਬੰਧ ਹੈ ਅਤੇ ਅਗਲੇ ਪੰਜ ਸਾਲ ਵਿਚ ਇਹ ਰਕਮ ਨਿਰਧਾਰਤ ਵਿਆਜ ਦੀ ਦਰ ਸਮੇਤ ਵਸੂਲਣ ਯੋਗ ਹੋਣਗੇ। ਇਸ ਸਕੀਮ ਤਹਿਤ ਮੁੱਖ ਦਫ਼ਤਰ ਵਿਖੇ ਇਕ ਸਪੈਸ਼ਲ ਸਟੇਟ ਪੱਧਰ ਦਾ ਸਪੈਸ਼ਲ ਸੈਲ ਸਥਾਪਤ ਕੀਤਾ ਗਿਆ ਹੈ।

**ਸੋਸਾਇਟੀ ਰਜਿਸਟਰੇਸ਼ਨ**

ਸੋਸਾਇਟੀ ਰਜਿਸਟਰੇਸ਼ਨ ਐਕਟ 1860 ਅਧੀਨ ਰਜਿਸਟਰੇਸ਼ਨ ਸਾਲ 1999 ਤੋਂ ਪਹਿਲਾਂ ਰਜਿਸਟਰਾਰ ਆਫ ਸੋਸਾਇਟੀ ਐਂਡ ਫਾਰਮਜ਼, ਪੰਜਾਬ ਚੰਡੀਗੜ੍ਹ ਦੇ ਦਫ਼ਤਰ ਵਿਖੇ ਕੀਤੀ ਜਾਂਦੀ ਸੀ। ਜਿਸ ਨਾਲ ਲੋਕਾਂ ਨੂੰ ਚੰਡੀਗੜ੍ਹ ਵਿਖੇ ਜਾਣ ਆਉਣ ਵਿਚ ਕਾਫੀ ਮੁਸ਼ਕਲ ਹੁੰਦੀ ਸੀ। ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵਲੋਂ ਸਾਲ 1999 ਤੋਂ ਸੋਸਾਇਟੀ/ਚੈਰੀਟੇਬਲ ਟਰੱਸਟ ਆਦਿ ਦੀ ਰਜਿਸਟਰੇਸ਼ਨ ਕਰਨ ਦੀਆਂ ਪਾਵਰਾਂ ਜ਼ਿਲ੍ਹਾ ਪੱਧਰ ਤੇ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਵਿਖੇ ਦਿੱਤੀਆਂ ਗਈਆਂ ਹਨ। ਇਸ ਰਜਿਸਟਰੇਸ਼ਨ ਲਈ ਉਨ੍ਹਾਂ ਨੂੰ ਬਤੌਰ ਐਡੀਸ਼ਨਲ ਰਜਿਸਟਰਾਰ ਆਫ ਸੋਸਾਇਟੀਜ਼ ਡੈਜੀਗਨੇਟ ਕੀਤਾ ਗਿਆ ਹੈ। ਇਸ ਸਕੀਮ ਤਹਿਤ ਘੱਟੋ-ਘੱਟ 7 ਮੈਂਬਰ ਇਕੱਠੇ ਹੋ ਕੇ ਸੋਸਾਇਟੀ/ਚੈਰੀਟੇਬਲ ਟਰੱਸਟ ਬਣਾ ਸਕਦੇ ਹਨ, ਜਿਸ ਦੇ ਉਦੇਸ਼ ਚੈਰੀਟੇਬਲ/ਜਨ ਹਿੱਤ ਹੋਣੇ ਚਾਹੀਦੇ ਹਨ। ਜਿਨ੍ਹਾਂ ਵਿਚ ਐਜੂਕੇਸ਼ਨ, ਡਾਕਟਰੀ, ਮੈਡੀਕਲ ਸਹੂਲਤਾਂ, ਖੇਡਾਂ ਦਾ ਪਸਾਰਾ ਆਦਿ ਸ਼ਾਮਲ ਹੈ। ਇਸ ਰਜਿਸਟਰੇਸ਼ਨ ਨਾਲ ਉਨ੍ਹਾਂ ਨੂੰ ਲੀਗਲ ਇੰਡੈਂਟਟੀ ਮਿਲਦੀ ਹੈ।

**ਮਾਈਨਿੰਗ ਸਬੰਧੀ**

ਪੰਜਾਬ ਮਾਈਨਜ਼ ਮਿਨਰਲ ਕਨਸੈਸ਼ਨਲਹ ਰੂਲਜ਼ 1964 ਵਿਚ ਕੀਤੇ ਗਏ ਉਪਬੰਧਾਂ ਅਧੀਨ ਜ਼ਿਲ੍ਹੇ ਵਿਚ ਪੈਂਦੇ ਸਾਰੇ ਮਾਈਨਜ਼ ਮਿਨਰਲ ਦੇ ਕੰਮ ਦੀ ਦੇਖ-ਰੇਖ ਕੀਤੀ ਜਾਂਦੀ ਹੈ ਅਤੇ ਜ਼ਿਲ੍ਹੇ ਵਿਚ ਛੋਟੇ ਮਾਈਨਜ਼/ਮਿਨਰਲਜ਼ ਦੇ ਭੰਡਾਰਾਂ ਨੂੰ ਖੁੱਲੀ ਬੋਲੀ ਰਾਹੀਂ ਨੀਲਾਮ ਕਰਕੇ ਸਰਕਾਰ ਨੂੰ ਰਾਇਲਟੀ ਦੇ ਰੂਪ ਵਿਚ ਰਕਮ ਪ੍ਰਾਪਤ ਹੁੰਦੀ ਹੈ।

ਜ਼ਿਲ੍ਹੇ ਵਿਚ ਸਥਾਪਿਤ ਉਦਯੋਗਿਕ ਇਕਾਇਆਂ

| | | |
|---|---|---|
| 1. | ਪੇਪਰ ਮਿੱਲ | 3 |
| 2. | ਖੰਡ ਮਿੱਲ | 2 |
| 3. | ਵੱਡੇ ਅਤੇ ਦਰਮਿਆਨੇ ਉਦਯੋਗ | 28 |
| 4. | ਛੋਟੇ ਉਦਯੋਗ | 9179 |
| 5. | ਸਪਿਨਿੰਗ ਮਿਲਜ਼ | 3 |